# ਅੱਪਡੇਟ: 30 ਨਵੰਬਰ 2021

## ਭਾਰਤ ਵਿਚ 2022 ਵਾਸਤੇ ਸਤਿਸੰਗ ਪ੍ਰੋਗਰਾਮ

ਇਹ ਫ਼ੈਸਲਾ ਲਿਆ ਗਿਆ ਹੈ ਕਿ ਡੇਰਾ ਬਿਆਸ ਅਤੇ ਭਾਰਤ ਦੇ ਬਾਕੀ ਨਿਰਧਾਰਤ ਸੈਂਟਰਾਂ ਵਿਚ ਮਾਰਚ 2022 ਵਿਚ ਸਤਿਸੰਗ ਪ੍ਰੋਗਰਾਮ ਸ਼ੁਰੂ ਹੋਵੇਗਾ। ਤੁਸੀਂ 2022 ਦੀ ਪੂਰੀ ਸਤਿਸੰਗ ਸੂਚੀ ਇਸ ਵੈਬਸਾਈਟ ਤੇ ਸਤਿਸੰਗ ਦੇ ਟੈਬ ("Satsang" TAB) ਉੱਤੇ ਜਾਂ https://rssb.org/satsang_schedules.html ਤੇ ਕਲਿੱਕ ਕਰਕੇ ਦੇਖ ਸਕਦੇ ਹੋ।

## ਭਾਰਤ ਵਿਚੋਂ ਡੇਰੇ ਆਉਣ ਵਾਲੀ ਸੰਗਤ

- 18 ਸਾਲ ਤੋਂ ਵੱਧ ਉਮਰ ਵਾਲੇ ਸਾਰੇ ਵਿਅਕਤੀਆਂ ਲਈ ਇਹ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਪੂਰੀ ਤਰ੍ਹਾਂ ਟੀਕਾ-ਕਰਣ ਹੋ ਗਿਆ ਹੋਵੇ, ਭਾਵੇਂ ਉਨ੍ਹਾਂ ਨੇ ਡੇਰੇ ਵਿਖੇ ਨਾ ਵੀ ਰਹਿਣਾ ਹੋਵੇ।
- ਅਕੌਮੋਡੇਸ਼ਨ ਸਿਰਫ਼ ਉਨ੍ਹਾਂ ਨੂੰ ਹੀ ਦਿੱਤੀ ਜਾਵੇਗੀ ਜਿਨ੍ਹਾਂ ਦਾ ਪੂਰਾ ਟੀਕਾ-ਕਰਣ ਹੋਇਆ ਹੋਵੇਗਾ। ਉਨ੍ਹਾਂ ਨੂੰ ਵੈਕਸੀਨੇਸ਼ਨ ਦਾ ਸਰਟੀਫ਼ਕੇਟ ਆਪਣੇ ਨਾਲ ਲੈ ਕੇ ਆਉਣਾ ਚਾਹੀਦਾ ਹੈ ਅਤੇ ਡੇਰੇ ਪਹੁੰਚਣ ਉੱਤੇ ਦਿਖਾਉਣਾ ਪਵੇਗਾ।

## ਭਾਰਤ ਤੋਂ ਬਾਹਰੋਂ ਆਉਣ ਵਾਲੇ ਪਰਵਾਸੀ ਭਾਰਤੀ (**NRIs**)

- ਭਾਰਤ ਤੋਂ ਬਾਹਰ ਰਹਿ ਰਹੇ ਪਰਵਾਸੀ ਭਾਰਤੀਆਂ ਨੂੰ 1 ਸਿਤੰਬਰ 2022 ਤੋਂ ਪਹਿਲਾਂ ਡੇਰੇ ਆਉਣ ਦੀ ਇਜਾਜ਼ਤ ਨਹੀਂ ਹੈ।
- ਪਰਵਾਸੀ ਭਾਰਤੀ ਲਈ ਔਨਲਾਈਨ ਅਕੌਮੋਡੇਸ਼ਨ ਰਿਜਿਸਟ੍ਰੇਸ਼ਨ 1 ਜੂਨ 2022 ਨੂੰ ਖੁੱਲ੍ਹੇਗੀ।
- 1 ਸਿਤੰਬਰ 2022 ਤੋਂ ਪਹਿਲਾਂ ਪਹੁੰਚਣ ਵਾਲੇ ਬੇਨਤੀ ਪੱਤਰ ਪ੍ਰਵਾਨ ਨਹੀਂ ਕੀਤੇ ਜਾਣਗੇ।
- 18 ਸਾਲ ਤੋਂ ਵੱਧ ਉਮਰ ਦੇ ਸਾਰੇ ਵਿਅਕਤੀਆਂ ਦਾ ਪੂਰੀ ਤਰ੍ਹਾਂ ਟੀਕਾ-ਕਰਣ ਜ਼ਰੂਰ ਹੋਇਆ ਹੋਣਾ ਚਾਹੀਦਾ ਹੈ।
- ਜਿਨ੍ਹਾਂ ਨੇ ਡੇਰੇ ਰਹਿਣ ਲਈ ਬੇਨਤੀ ਕਰਨੀ ਹੋਵੇ ਉਨ੍ਹਾਂ ਨੂੰ ਪਰਵਾਰ ਦੇ ਉਨ੍ਹਾਂ ਸਾਰੇ ਮੈਂਬਰਾਂ ਦੇ ਵੈਕਸੀਨੇਸ਼ਨ ਦੀ ਅਵਸਥਾ ਬਾਰੇ ਪੂਰੀ ਜਾਣਕਾਰੀ ਅਕੌਮੋਡੇਸ਼ਨ ਦੀ ਬੁਕਿੰਗ ਵੇਲੇ ਦੇਣੀ ਹੋਵੇਗੀ ਅਤੇ ਡੇਰੇ ਪਹੁੰਚਣ ਤੇ ਵੈਕਸੀਨੇਸ਼ਨ ਦੇ ਸਰਟੀਫੀਕੇਟ ਦਿਖਾਉਣ ਲਈ ਸਾਰਿਆਂ ਕੋਲ ਹੋਣੇ ਚਾਹੀਦੇ ਹਨ।
- ਭਾਰਤ ਸਰਕਾਰ ਦੇ ਕੋਵਿਡ ਬਾਰੇ ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਨੀ ਹੋਵੇਗੀ ਜਿਸ ਵਿਚ RT-PCR ਟੈਸਟ ਅਤੇ ਕਵਾਰਨਟੀਨ ਦੀਆਂ ਸ਼ਰਤਾਂ ਵੀ ਹੋ ਸਕਦੀਆਂ ਹਨ।

## ਗੈਰ-**NRI** (ਵਿਦੇਸ਼ੀ ਸੈਲਾਨੀ) ਜੋ ਭਾਰਤ ਤੋਂ ਬਾਹਰਲੇ ਦੇਸ਼ਾਂ ਤੋਂ ਆਉਂਦੇ ਹਨ

- 2022 ਵਿਚ ਇੰਟਰਨੈਸ਼ਨਲ ਗੈਸਟ ਹਾਊਸ ਹੋਸਟਲ 6 ਦੇ ਦੋ ਸੈਸ਼ਨ ਹੋਣਗੇ ਇਕ ਨਵੰਬਰ ਵਿਚ ਅਤੇ ਦੂਜਾ ਦਸੰਬਰ ਵਿਚ। ਇਸ ਬਾਰੇ ਪੂਰੀ ਜਾਣਕਾਰੀ ਅਤੇ ਤਾਰੀਖਾਂ ਦੀ ਸੂਚਨਾ ਹਰ ਦੇਸ਼ ਦੇ ਪ੍ਰਮੁਖ ਨੂੰ ਛੇਤੀ ਹੀ ਭੇਜ ਦਿੱਤੀ ਜਾਵੇਗੀ।
- ਔਨਲਾਈਨ H6 ਅਕੌਮੋਡੇਸ਼ਨ ਰਜਿਸਟ੍ਰੇਸ਼ਨ ਬੇਨਤੀਆਂ ਪ੍ਰਾਪਤ ਕਰਨ ਲਈ 1 ਜੂਨ 2022 ਨੂੰ ਖੁੱਲ੍ਹੇਗੀ।
- ਸਾਰੇ ਸੈਲਾਨੀਆਂ ਦਾ ਪੂਰੀ ਤਰ੍ਹਾਂ ਟੀਕਾ-ਕਰਣ ਹੋਇਆ ਹੋਣਾ ਜ਼ਰੂਰੀ ਹੈ।
- ਅਕੌਮੋਡੇਸ਼ਨ ਦੀ ਬੁਕਿੰਗ ਕਰਨ ਵਾਲੇ ਵਿਅਕਤੀਆਂ ਨੂੰ ਵੈਕਸੀਨੇਸ਼ਨ ਦੀ ਅਵਸਥਾ ਬਾਰੇ ਸਾਰੀ ਜਾਣਕਾਰੀ ਬੁਕਿੰਗ ਵੇਲੇ ਦੇਣੀ ਪਵੇਗੀ ਅਤੇ ਡੇਰੇ ਪਹੁੰਚਣ ਤੇ ਵੈਕਸੀਨੇਸ਼ਨ ਸਰਟੀਫੀਕੇਟ ਦਿਖਾਉਣੇ ਪੈਣਗੇ।
- ਭਾਰਤ ਸਰਕਾਰ ਦੇ ਕੋਵਿਡ ਬਾਰੇ ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਨੀ ਹੋਵੇਗੀ ਜਿਸ ਵਿਚ RT-PCR ਟੈਸਟ ਅਤੇ ਕਵਾਰਨਟੀਨ ਦੀਆਂ ਸ਼ਰਤਾਂ ਵੀ ਹੋ ਸਕਦੀਆਂ ਹਨ।